ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ



ਸ਼੍ਰੋਮਣੀ - ਸਾਹਿਤਕਾਰ ਅਤੇ ਆਰਦਸ਼ - ਸਿੱਖ

ਪ੍ਰੋ. ਤਾਰਾ ਸਿੰਘ ਜੀ "ਅਨਜਾਣ"

(4-10-1944 - 6-3-2018)

ਨਾਮਧਾਰੀ ਪੰਥ ਦਾ "ਸਾਹਿਤ - ਰਤਨ"


ਤਾਰਾ ਸਿੰਘ ਅਨਜਾਣ, ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਲਗਭਗ ਚਾਰ ਦਹਾਕਿਆਂ ਤੋਂ ਵੱਸਣ ਵਾਲਾ, ਪੰਜਾਬੀ ਦਾ ਬਹੁ ਅਯਾਮੀ ਲੇਖਕ ਹੈ । ਉਹ ਬਹੁ ਅਯਾਮੀ ਲੇਖਕ ਹੀ ਨਹੀਂ ਸਗੋਂ ਬਹੁ ਅਯਾਮੀ ਪ੍ਰਤਿਭਾ ਵੀ ਹੈ । ਉਹ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਦਿੱਲੀ ਤੋ ਛਪਦੇ ਸਪਤਾਹਿਕ (ਤ੍ਰੈਭਾਸ਼ੀ-ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗ੍ਰੇਜ਼ੀ) ਪਰਚੇ 'ਸਤਿਜੁਗ' ਦਾ ਹਕੀਕੀ ਸੰਪਾਦਕ ਵੀ ਹੈ । ਦਰਬਾਰ ਦਾ ਜ਼ਿੰਮੇਵਾਰ ਸੇਵਾਦਾਰ ਵੀ ਹੈ । ਪੰਜਾਬੀ ਦਾ ਕਵੀ, ਕਹਾਣੀਕਾਰ, ਜੀਵਨੀ ਲੇਖਕ, ਇਤਿਹਾਸ ਲੇਖਕ ਅਤੇ ਸੁਚੇਤ ਸਫਲ ਨਿਬੰਧਕਾਰ ਵੀ ਹੈ । ਦਿੱਲੀ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਕਾਰਜ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਣ ਕਾਰਨ, ਪਠਨ ਪਾਠਨ ਦੀਆਂ ਬਰੀਕੀਆਂ ਨੂੰ ਗਹੁ ਨਾਲ ਘਖਣ ਪੜਤਾਲਣ ਕਾਰਨ ਇਕ ਸਫਲ ਸਿੱਖਿਆ ਸ਼ਾਸਤਰੀ ਦੇ ਮੁਕਾਮ ਤੇ ਵੀ ਪੁੱਜ ਗਿਆ ਹੈ । ਪੰਜਾਬੀ ਭਾਸ਼ਾ ਦਾ ਪੱਕਾ ਮੁੱਢ ਬੰਨ੍ਹਣ ਵਾਸਤੇ ਵਿਆਕਰਣ ਦਾ ਵੀ ਮਾਹਰ ਹੈ । ਸਾਊ, ਸੁਘੜ ਅਤੇ ਬੜਾ ਬੀਬਾ ਸੱਜਣ ਹੁੰਦਿਆਂ ਵਿਨਮਰ ਸ਼ਖਸੀਅਤ ਦਾ ਸੁਆਮੀ ਹੈ । ਤਾਰਾ ਸਿੰਘ ਅਨਜਾਣ ਦੀਆਂ ਸਾਰੀਆਂ ਪ੍ਰਾਪਤੀਆਂ ਰਾਤੋ ਰਾਤ ਉਸ ਦੀ ਝੋਲੀ ਵਿੱਚ ਨਹੀਂ ਪੈ ਗਈਆਂ । ਇਸ ਲਈ ਉਸ ਨੇ ਵਰ੍ਹਿਆਂ ਲੰਮੀ ਸਿਰੜੀ ਸਾਧਨਾ ਦਾ ਪੈਂਡਾ ਤਹਿ ਕੀਤਾ ਹੈ । ਉਸ ਦੀ ਕੰਡ 'ਤੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਮਾਈ ਨਾਲ ਪਰਿਵਾਰ ਦੀ ਉਦਰ ਪੂਰਤੀ ਕਰਨ ਵਾਲੇ ਗੁਰਸਿੱਖ ਨਾਮਧਾਰੀ ਮਾਤਾ ਪਿਤਾ ਦਾ ਥਾਪੜਾ ਰਿਹਾ ਹੈ ਤਦੇ ਤਾਂ ਮਾਇਆਵਾਦੀ ਨਜ਼ਾਮ ਵਿੱਚ ਵੀ ਉਹ ਪੈਸੇ ਦੀ ਚੂਹਾ ਦੌੜ ਵਿੱਚ ਸ਼ਾਮਿਲ ਨਹੀਂ ਹੋਇਆ ਹੈ ਉਸਨੇ ਪੱਛਮੀ ਪੰਜਾਬ ਦੇ ਤਦੋਂਕੇ ਜ਼ਿਲ੍ਹਾ ਲਾਹੌਰ ਦੀ ਰਾਇਵਿੰਡ ਮੰਡੀ ਵਿੱਚ ਬਾਪੂ ਭਗਤ ਸਿੰਘ ਅਤੇ ਬੇਬੇ ਸੰਤ ਕੌਰ ਦੇ ਪਰਿਵਾਰ ਵਿੱਚ 8 ਅਕਤੂਬਰ 1944 ਈ: ਨੂੰ ਅੱਖਾਂ ਖੋਹਲੀਆਂ ਸਨ । ਇਹ ਪਰਿਵਾਰ ਸਾਧ ਸੇਵੀ ਸੀ ਜਿੱਥੇ ਆਸ ਪਾਸ ਦੇ ਪਿੰਡਾਂ ਦੀਆਂ ਨਾਮਧਾਰੀਆਂ ਸੰਗਤਾਂ ਦੇ ਕਮਰ ਕੱਸੇ ਖੁੱਲ੍ਹਦੇ ਰਹਿੰਦੇ । ਮਾਤਾ ਦਾ ਪੇਕਾ ਪਿੰਡ ਵੀ ਜ਼ਿਲ੍ਹਾ ਲਾਹੌਰ ਵਿੱਚ ਹੀ ਸੁਲਤਾਨ ਕੇ ਦੇ ਨਾਲ ਮੁਹੰਮਦੀਪੁਰ ਸੀ । ਬਾਲ ਤਾਰਾ ਸਿੰਘ ਨੇ ਆਪਣੇ ਸੰਸਕਾਰਾਂ ਨਾਲ ਐਸੀ ਪੀਡੀ ਗੰਢ ਪਾਈ ਕਿ ਅੱਜ ਵੀ ਉਹ ਆਪਣੇ ਸਤਿਗੁਰੂ ਦੇ ਦੱਸੇ ਮਾਰਗ ਤੇ ਨਿਰੰਤਰ ਗਤੀਸ਼ੀਲ ਸਨ । ਦੇਸ਼ ਦੀ ਵੰਡ ਤੋਂ ਬਾਅਦ, ਉਹ ਜ਼ਿਲ੍ਹਾ ਲਾਹੌਰ ਦੀਆਂ ਨਾਮਧਾਰੀ ਸੰਗਤਾਂ ਨਾਲ ਉਸ ਵੇਲੇ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਨਵ-ਸਥਾਪਿਤ ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਕਰੀਵਾਲਾ ਵਿੱਚ ਆ ਟਿਕੇ । ਫਿਰ ਮੰਡੀ ਦੇ ਮਕਾਨਾਂ ਦਾ ਕਲੇਮ ਵਗੈਰਾ ਮਿਲਣ ਬਾਅਦ ਉਹ ਸਿਰਸਾ ਸ਼ਹਿਰ ਵਿੱਚ ਹੀ ਵੱਸ ਗਏ ਜਿੱਥੇ ਉਹਨਾਂ ਦੇ ਹੋਰ ਬਹੁਤ ਸਾਰੇ ਸਬੰਧੀ ਵੀ ਟਿਕ ਗਏ ਸਨ । ਤਾਰਾ ਸਿੰਘ ਅਨਜਾਣ ਨੇ ਆਪਣਾ ਸਾਹਿਤਕ ਸਫਰ 1966 ਈ ਵਿੱਚ ਸਿਰਸਾ ਤੋਂ ਸ਼ੁਰੂ ਹੋਣ ਵਾਲੇ ਇਕ ਪੰਜਾਬੀ ਮਾਸਿਕ ਪਰਚੇ, "ਚਿੱਟੇ ਕਾਂ" ਤੋਂ ਸ਼ੁਰੂ ਕੀਤਾ । ਉਂਝ ਉਹ ਸ੍ਰੀ ਜੀਵਨ ਨਗਰ ਤੋਂ ਛਪਣ ਵਾਲੇ ਪਰਚੇ "ਸਤਿਜੁਗ" ਅਤੇ ਨਵਾਂ ਹਿੰਦੁਸਤਾਨ ਵਿੱਚ ਵੀ ਆਪਣੇ ਵਿਦਿਆਰਥੀ ਕਾਲ ਤੋਂ ਹੀ ਲਿਖਣ ਲੱਗ ਪਏ ਸਨ । ਸੰਜੋਗ ਨਾਲ ਉਹਨਾਂ ਨੂੰ ਜੀਵਨ ਸਾਥਣ ਬੀਬੀ ਜਸਪਾਲ ਕੌਰ ਜੋ ਮਿਲੇ

ਉਹ ਵੀ ਦਿੱਲੀ ਦੇ ਨਾਮਧਾਰੀ ਹਲਕਿਆਂ ਦੇ ਜਾਣੇ ਪਛਾਣੇ ਲੇਖਕ, ਸ੍ਰੀ ਨਿਰੰਜਨ ਸਿੰਘ ਜਿਓਂਤੀ ਜੀ ਦੀ ਸਪੁੱਤਰੀ ਹਨ । ਸਿਰਸਾ ਤੇ ਭਿਵਾਨੀ ਵਿੱਚ ਗ੍ਰੈਜੂਏਸ਼ਨ ਤੱਕ ਦੀ ਸਿੱਖਿਆ ਗ੍ਰਹਿਣ ਕਰਨ ਬਾਅਦ ਅਨਜਾਣ ਜੀ ਨੇ ਦਿੱਲੀ ਆ ਕੇ ਹੀ ਪੋਸਟ ਗ੍ਰੈਜੂਏਸ਼ਨ ਕੀਤੀ ਅਤੇ ਅਧਿਆਪਨ ਕਾਰਜ ਨੂੰ ਕਿੱਤੇ ਵਜੋਂ ਅਪਣਾਇਆ ।

ਜਿੱਥੋਂ ਤੱਕ ਅਨਜਾਣ ਜੀ ਦੇ ਰਚਨਾ ਸੰਸਾਰ ਦਾ ਸਬੰਧ ਹੈ ਇਹ ਬਹੁਤ ਵਿਸਤ੍ਰਿਤ ਹੈ । ਉਹਨਾਂ ਨੇ ਨਾਮਧਾਰੀ ਪੰਥ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਨਾਲ ਸਬੰਧਿਤ ਪੁਸਤਕ "ਸਭਹਨ ਕੇ ਸਿਰਮੌਰ" 1986 ਈ. ਵਿੱਚ ਨਾਮਧਾਰੀ ਪੰਥ ਦੇ ਗੌਰਵ ਨੂੰ ਚਾਰ ਚੰਨ ਲਾਉਣ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨ ਗਾਥਾ ਬਾਰੇ "ਸਾਹਿਬ ਗੁਣੀ ਗਹੀਰਾ" 1991 ਈ. ਵਿੱਚ ਅੰਮ੍ਰਿਤਸਰ ਦੇ 1871 ਈ. ਦੇ ਨਾਮਧਾਰੀ ਸ਼ਹੀਦਾਂ ਵਿੱਚੋਂ ਇੱਕ ਬਾਬਾ ਲਹਿਣਾ ਸਿੰਘ ਜੀ ਦੀ ਜੀਵਨੀ 1992 ਈ. ਵਿੱਚ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿੱਚ ਰਹਿ ਕੇ ਸੇਵਾ ਕਰਨ ਵਾਲੇ ਵਿਅਕਤੀਆਂ ਦੇ ਸੰਖੇਪ ਵਿਅਕਤੀ ਚਿਤਰ "ਸੇਵਕ ਸੱਚੇ ਸਾਹ ਕੇ" 1992 ਈ. ਵਿੱਚ ਪ੍ਰਕਾਸ਼ਿਤ ਕਰਵਾਈਆਂ । ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਸਮੇਂ "ਬਡ ਪਰਤਾਪ ਸੁਨਿਓ ਪ੍ਰਭ ਤੁਮਰੋ" (1990) ਅਤੇ 'ਪਰਤਾਪ ਸਦਾ ਗੁਰ ਕਾ ਘਟਿ ਘਟਿ" (1991), ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਤਾਰਾ ਸਿੰਘ ਕਾਮਿਲ ਹੋਰਾਂ ਨਾਲ ਸਹਿ ਸੰਪਾਦਿਕ ਕੀਤੀਆਂ । ਇਹਨਾ ਪੁਸਤਕਾਂ ਵਿੱਚੋਂ ਅਨਜਾਣ ਸਾਹਿਬ ਦੀਆਂ ਮੌਲਿਕ ਲਿਖਤਾਂ ਦਾ ਇਸ ਕਦਰ ਪਾਠਕਾਂ ਵੱਲੋਂ ਸੁਆਗਤ ਹੋਇਆ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਸ਼ਹੀਦ ਲਹਿਣਾ ਸਿੰਘ ਵਾਲੀਆਂ ਪੁਸਤਕਾਂ ਦੇ ਦੂਜੇ ਐਡੀਸ਼ਨ ਛਪ ਗਏ ਹਨ । ਉਂਝ "ਸਾਹਿਬ ਗੁਣੀ ਗਹੀਰਾ" ਅਤੇ "ਸੰਖੇਪ ਨਾਮਧਾਰੀ ਇਤਿਹਾਸ" ਜੋ 2005 ਈ. ਵਿੱਚ ਆਪ ਨੇ ਛਾਪਿਆ ਉਹਨਾਂ ਦੇ ਪਹਿਲੇ ਐਡੀਸ਼ਨ ਮੁੱਕ ਚੁੱਕੇ ਹਨ ਜਾਂ ਮੁੱਕਣ ਵਾਲੇ ਹਨ । 1995 ਈ. ਵਿੱਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿੱਚ ਨਾਮਧਾਰੀ ਕਵੀਆਂ ਵਲੋਂ ਪਿਛਲੀ ਇੱਕ ਸਦੀ ਵਿੱਚ ਰਚੇ ਗਏ, "ਰਾਮ ਵਿਯੋਗੀਆਂ ਦੇ ਬਾਰਾਂ ਮਾਹ" ਅਨਜਾਣ ਹੋਰਾਂ ਨੇ ਸੰਪਾਦਿਤ ਕੀਤੇ । ਦਿੱਲੀ ਦੇ ਪੰਜਾਬੀ ਵਿਦਿਆਰਥੀਆਂ ਲਈ ਉਹ ਦਰਜਨ ਦੇ ਲਗਭਗ ਪੁਸਤਕਾਂ ਦਾ ਸੰਪਾਦਨ ਜਾਂ ਸਹਿ ਸੰਪਾਦਨ ਕਰ ਚੁੱਕੇ ਹਨ । "ਸਾਡੇ ਲਾਭਦਾਇਕ ਬੂਟੇ" 1987 ਈ. ਵਿੱਚ ਉਹਨਾਂ ਦੀ ਅਨੁਵਾਦਿਤ ਰਚਨਾ ਹੈ ਜੋ ਉਹਨਾਂ ਦੇ ਪ੍ਰਕਿਰਤੀ ਪ੍ਰੇਮ ਦੀ ਲਖਾਇਕ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ' ਨੂੰ ਉਹਨਾਂ "ਵਾਰ ਸ੍ਰੀ ਭਗਉਤੀ ਜੀ ਕੀ ਇਕ ਅਧਿਐਨ" 2004 ਵਿੱਚ ਪ੍ਰਕਾਸ਼ਿਤ ਕੀਤਾ । 'ਟਕਸਾਲੀ ਪੰਜਾਬੀ ਵਿਆਕਰਨ ਤੇ ਰਚਨਾਵਲੀ' 2006, 'ਜਿਨ ਟੁੱਟੀ ਲਈ ਮਿਲਾਇ' 2006, 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' - 2008 ਉਸ ਦੀਆਂ ਹੋਰ ਪੰਜਾਬੀ ਪੁਸਤਕਾਂ ਹਨ । ਹੁਣ ਤੱਕ ਉਹਨਾਂ ਦੇ ਚਾਰ ਨਿਬੰਧ ਸੰਗ੍ਰਹਿ ਛਪ ਚੁੱਕੇ ਹਨ - 'ਆਪਣੇ ਰੂ-ਬ-ਰੂ' (1999), 'ਅਸਾਂ ਕੀ ਖੱਟਿਆ' (1999), 'ਅੰਧੇਰੇ ਦੀਪਕ ਬਾਲੀਐ' (1999) ਤੇ ਹੁਣੇ ਜਿਹੇ ਹੀ ਸ੍ਰੀ ਭੈਣੀ ਸਾਹਿਬ 'ਹੋਲਾ ਮਹੱਲਾ' ਦੇ ਪੂਰਵ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰੀਲੀਜ਼ ਹੋਣ ਵਾਲੀ ਚੌਥੀ ਪੁਸਤਕ ਹੈ - 'ਚਤੁਰ ਸਿਆਣਾ ਸੁਘੜ

ਸੋਇ' (2006) ਉਹਨਾਂ ਨੂੰ ਦੇਸ਼ ਅਤੇ ਵਿਦੇਸ਼ ਵਿੱਚ ਬਹੁਤ ਸਾਰੀਆਂ ਯਾਤਰਾਵਾਂ ਕਰਨ ਤੋਂ ਇਲਾਵਾ ਬਹੁਤ ਸਾਰੇ ਮਾਨ - ਸਨਮਾਨਾਂ ਨਾਲ ਵੀ ਨਿਵਾਜਿਆ ਜਾ ਚੁੱਕਿਆ ਹੈ ।

ਕਾਮਰੇਟ ਸੁਵਰਨ ਸਿੰਘ 'ਵਿਰਕ' ਦੀ ਪੁਸਤਕ
ਕੂਕਾ ਲਹਿਰ ਦਾ ਪੰਜਾਬੀ ਸਾਹਿਤ ਵਿੱਚੋਂ





ਸੰਤ ਤਾਰਾ ਸਿੰਘ 'ਅਨਜਾਣ'

ਕਿਸੇ ਵਿਦਵਾਨ, ਬਲਵਾਨ ਜਾਂ ਰਾਜੇ - ਮਹਾਰਾਜੇ ਨਾਲੋਂ ਵੀ ਗੁਰਮਤਿ ਅਨੁਸਾਰ ਸੰਤ ਜਾਂ ਸਾਧੂ ਸ਼ਬਦ ਵੱਡੀ ਮਹਾਨਤਾ ਰੱਖਦਾ ਹੈ ।

"ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾ ਮਨਿ ਮੰਤੁ ॥
ਧੰਨ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥"

ਅਤੇ

"ਸਾਧ ਨਾਮ ਨਿਰਮਲ ਜਾ ਕੇ ਕਰਮ ॥"

ਸੰਤ ਅਤੇ ਸਾਧੂ ਵਾਲੇ ਇਹ ਦੋਵੇਂ ਗੁਣ - ਹਰੀ ਦੇ ਨਾਮ ਨੂੰ ਕਦੇ ਨਾ ਵਿਸਰਨਾ, ਹਮੇਸ਼ਾਂ ਗੁਰੂ ਨੂੰ ਸਨਮੁਖ ਸਮਝਣਾ, ਹਿਰਦੇ ਵਿੱਚ ਨਿਮਰਤਾ, ਕਰਮਾਂ ਵਿੱਚ ਨਿਰਮਲਤਾ, ਮਨ ਨੀਵਾਂ, ਮੱਤ ਉਚੀ ਦੇ ਉਚ ਸਿਧਾਂਤ ਦੇ ਧਾਰਣੀ ਹੋਣਾ ਹੀ ਸੰਤ, ਸਾਧੂ ਜਾਂ ਗੁਰਸਿੱਖ ਹੋਣਾ ਹੈ । ਅਜੇਹੇ ਅਧਿਆਤਮਕ ਗੁਣਾਂ ਦੇ ਪੁੰਜ ਸਨ - ਪ੍ਰੋ. ਤਾਰਾ ਸਿੰਘ ਅਨਜਾਣ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਅਨੁਸਾਰ - ਗਿਆਨ, ਪ੍ਰਕਾਸ਼ ਹੈ ਪਰ ਜਿਥੇ ਹੰਕਾਰ ਆ ਜਾਂਦਾ ਹੈ ਕਿ ਮੈਂ ਬੜਾ ਗਿਆਨੀ ਹਾਂ, ਵਿਦਵਾਨ ਹਾਂ, ਉਥੇ ਹਨੇਰਾ ਹੋ ਜਾਂਦਾ ਹੈ । ਜੋ ਵਿਦਵਾਨ ਹੋ ਕੇ ਹੰਕਾਰ ਨਹੀਂ ਕਰਦਾ, ਵਿੱਦਿਆ ਦਾ ਸਾਰ ਉਸੇ ਨੇ ਜਾਣਿਆ ਹੈ, ਉਹ ਵਿਦਵਾਨ ਬ੍ਰਹਮ ਸਰੂਪ ਹੈ । ਅਜੇਹੇ ਵਿਦਵਾਨ ਸੱਜਣਾਂ ਬਾਰੇ ਹੀ ਗੁਰਵਾਕ ਹੈ - 'ਧਨੁ ਲੇਖਾਰੀ ਨਾਨਕਾ.........'

ਗੁਰਮਤਿ ਜੀਵਨ ਦਾ ਆਧਾਰ ਹੈ - ਗੁਰ ਪ੍ਰਸਾਦਿ, ਗੁਰੂ ਕਿਰਪਾ ਦੇ ਆਸਰੇ ਰਹਿਣਾ, ਰਜ਼ਾ 'ਚ ਰਾਜ਼ੀ ਰਹਿਣਾ, ਗੁਰੂ ਹੁਕਮ ਦੇ ਬੰਧਨ ਵਿੱਚ ਰਹਿਣਾ, ਕਿਰਤ ਕਰਨੀ, ਨਾਮ ਜੱਪਣਾ ਤੇ ਵੰਡ ਛਕਣਾ । ਇੱਕ ਆਦਰਸ਼ ਗੁਰਸਿੱਖ ਵਾਲੇ ਗੁਣਾਂ ਦੇ ਧਾਰਨੀ ਸਨ ਅਨਜਾਣ ਜੀ । ਜੀਵਨ ਭਰ ਅਧਿਆਪਨ ਖੇਤਰ ਵਿੱਚ ਸਰਕਾਰੀ ਨੌਕਰੀ ਦੀ ਜਿੰਮੇਵਾਰੀ ਨਿਭਾਉਂਦਿਆਂ ਹੋਇਆਂ ਵੀ ਨਾਮਧਾਰੀ ਸਾਹਿਤ ਅਤੇ ਇਤਿਹਾਸ ਲੇਖਣ ਦੀ ਜਿੰਨੀ ਉਨ੍ਹਾਂ ਤੋਂ ਉਮੀਦ ਕੀਤੀ ਜਾ ਸਕਦੀ ਸੀ ਉਸ ਤੋਂ ਕਈ ਗੁਣਾਂ ਵੱਧ ਆਪ ਨੇ ਸਾਹਿਤ ਸੇਵਾ ਕੀਤੀ । ਆਪ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਰਹੇ, ਸਤਿਗੁਰੂ ਉਦੇ ਸਿੰਘ ਜੀ ਨੇ ਆਪ ਨੂੰ ਸਾਹਿਤ ਰਤਨ ਸਨਮਾਨ ਨਾਲ ਨਿਵਾਜਿਆ । ਇਸ ਲਈ ਆਪ ਦੇ ਨਾਮ ਨਾਲ ਪ੍ਰੋਫੈਸਰ ਨਾਲੋਂ ਸੰਤ ਸ਼ਬਦ ਜ਼ਿਆਦਾ ਢੁਕਵਾਂ ਜਾਂਪਦਾ ਹੈ । ਸੰਤ ਤਾਰਾ ਸਿੰਘ ਅਨਜਾਣ ਗੁਰਮੁਖਾਂ ਵਾਂਗ ਸਫਲ ਜੀਵਨ ਬਿਤਾ ਕੇ 6 ਮਾਰਚ 2018 ਨੂੰ ਸੰਪੂਰਨ ਹੋ ਗਏ ਅਤੇ ਸੱਚਖੰਡ ਗੁਰੂ ਚਰਨਾਂ ਵਿੱਚ ਜਾ ਬਿਰਾਜੇ ।

ਹਰਪਾਲ ਸਿੰਘ 'ਸੇਵਕ'








'ਧੁੱਪ ਦੀ ਮਹਿਫਲ
ਕਰਦਿਆਂ

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਅਨਜਾਣ ਜੀ ਦੀ ਵਾਰਤਕ ਦਾ ਖੇਤਰ ਬੜਾ ਵਿਸ਼ਾਲ ਤੇ ਵਿਆਪਕ ਹੈ । ਉਹਨਾਂ ਦੀ ਵਾਰਤਕ ਦੀ ਸ਼ੁੱਧਤਾ, ਸਰਲਤਾ, ਸਪੱਸ਼ਟਤਾ ਤੇ ਹਰ ਇੱਕ ਦੀ ਸਮਝ ਵਿੱਚ ਆਉਣ ਵਾਲੀ ਇਹ ਵਾਰਤਕ ਰਚਨਾ ਸਿਖਿਆਦਾਇਕ ਵੀ ਤੇ ਰੌਚਕ ਵੀ ਹੈ । ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਤੇ ਪ੍ਰੇਰਨਾ ਦਾ ਇੱਕ ਮੇਹਰ ਭਰਿਆ ਹੱਥ ਉਹਨਾਂ ਦੇ ਸਿਰ ਉਪਰ ਸਦਾ ਰਹਿੰਦਾ ਹੈ । ਮੇਰੀ ਮਨੋਕਾਮਨਾ ਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਸ੍ਰੀ ਅਨਜਾਣ ਜੀ ਆਪਣੀ ਮਿੱਠੀ ਤੇ ਸਿੱਖਿਆਦਾਇਕ ਮਨੋਰੰਜਨਕ ਵਾਰਤਕ ਰਾਹੀਂ ਅਗੇਰੇ ਕਦਮ ਪੁੱਟਦੇ ਰਹਿਣ ਅਤੇ ਇਹਨਾਂ ਦੀ ਗਦਰਚਨਾ ਆਧੁਨਿਕ ਕਾਲ ਦੇ ਪਦਾਰਥਵਾਦੀ ਤੇ ਵਿਸ਼ਵਮੰਡੀ ਦੇ ਖਪਤਕਾਰ ਸਮਾਜ ਵਿੱਚ ਸਹਿਜ ਸ਼ਾਂਤੀ ਤੇ ਮਨੁੱਖਤਾ ਦੇ ਨਵੇਂ ਅਧਿਆਤਮਕ ਤੇ ਸੰਸਾਰਕ ਮੰਡਲਾਂ ਨੂੰ ਆਪਣੇ ਗਿਆਨ ਦਾ ਚਾਨਣ ਵੰਡਦੀ ਰਹੇ ।

(ਪ੍ਰੋ.) ਕਿਰਪਾਲ ਸਿੰਘ ਕਸੇਲ
ਪਟਿਆਲਾ

ਨਾਮਧਾਰੀ ਪ੍ਰੰਪਰਾ ਦੇ ਹੀ ਇੱਕ ਸਿੰਘ, ਤਾਰਾ ਸਿੰਘ ਅਨਜਾਣ, ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਕਰਨੀ ਨਾਲ ਸੰਬੰਧਿਤ ਦੋ ਸੌ ਤੋਂ ਉਪਰ ਸਫਿਆਂ ਦੀ 'ਸਭਹਨ ਕੇ ਸਿਰਮੌਰ' ਕਿਤਾਬ ਲਿਖੀ ਹੈ ਜਿਸ ਵਿੱਚ ਜੀਵਨੀ ਤੋਂ ਇਲਾਵਾ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ ਅਤੇ ਕੂਕਿਆਂ ਦੀ ਜੀਵਨ-ਜਾਚ ਦਾ ਵੀ ਖਾਸਾ ਭਰਪੂਰ ਚਿਤਰ ਉਭਰਦਾ ਹੈ । ਵੀਰ ਅਨਜਾਣ ਨੂੰ ਮੈਂ ਪਿਛਲੇ ਪੰਦਰਾਂ ਸਾਲਾਂ ਤੋਂ ਜਾਣਦਾ ਹਾਂ । ਉਹ ਦਿੱਲੀ ਦੇ ਸਕੂਲਾਂ ਵਿੱਚ ਪੰਜਾਬੀ ਅਧਿਆਪਕ ਵਜੋਂ ਕੰਮ ਕਰਦੇ ਹਨ ਤੇ ਇਸੇ ਖੇਤਰ ਵਿੱਚ ਪੰਜਾਬੀ ਅਧਿਆਪਨ ਦੇ ਮੁਦਈ ਵਜੋਂ ਜਾਣੇ ਜਾਂਦੇ ਹਨ । ਲਿਬਾਸ ਉਹਨਾਂ ਦਾ ਠੇਠ ਨਾਮਧਾਰੀ, ਬੋਲੀ ਉਹਨਾਂ ਦੀ ਸਵੱਛ, ਆਪਣੇ ਬੋਲ ਦੇ ਪੱਕੇ । ਮੈਨੂੰ ਜਾਪਿਆ ਕਿ ਉਹਨਾਂ ਨੇ ਨਾਮਧਾਰੀ ਰਹਿਤ-ਬਹਿਤ ਨੂੰ ਹੀ ਪੰਜਾਬੀ ਅਧਿਆਪਨ ਦੇ ਖੇਤਰ ਵਿੱਚ ਉਤਾਰਿਆ ਹੈ । ਪੰਜਾਬੀਅਤ ਦੀ ਸੇਵਾ ਜਿਵੇਂ ਉਹਨਾਂ ਦੀ ਮਾਲਾ ਹੈ ਜਿਸਨੂੰ ਉਹ ਸਵਾਸ-ਸਵਾਸ ਫੇਰਦੇ ਰਹਿੰਦੇ ਹਨ । ਉਹ ਲੇਖਕ ਵੀ ਹਨ, ਇਸ ਗਲ ਦਾ ਜ਼ਿਕਰ ਉਹਨਾਂ ਕਦੀ ਨਹੀਂ ਕੀਤਾ । ਅਸਲ ਵਿੱਚ ਆਪਣੇ ਆਪ ਨੂੰ ਜਤਾਉਣਾ ਉਹਨਾਂ ਦੀ ਜੀਵਨ-ਜਾਚ ਦਾ ਹਿੱਸਾ ਨਹੀਂ

ਡਾ. ਹਰਿਭਜਨ ਸਿੰਘ

ਸ੍ਰੀ ਤਾਰਾ ਸਿੰਘ ਅਨਜਾਣ ਪੰਜਾਬੀ ਸਾਹਿਤ ਜਗਤ ਦੇ ਜਾਣੇ-ਪਛਾਣੇ ਤੇ ਬਹੁਮੁਖੀ ਸਾਹਿਤਕ ਗੁਣਾਂ ਨਾਲ ਵਿਭੂਸ਼ਿਤ ਉਘੇ ਲੇਖਕਾਂ ਵਿੱਚੋਂ ਹਨ । ਆਪ ਜੀ ਦਾ ਆਪਣੇ ਨਾਮ ਨਾਲ ਜੁੜਿਆ ਪਦ ਅਨਜਾਣ ਵਾਸਤਵ ਵਿੱਚ ਉਹਨਾਂ ਦੀ ਨਿਰਮਾਣਤਾ ਦਾ ਲਖਾਇਕ ਹੈ । ਗੁਰਬਾਣੀ ਦਾ ਕਥਨ ਹੈ :

"ਆਪਨ ਕਉ ਜੋ ਜਾਣੈ ਨੀਚਾ,
ਸੋਊ ਗਨੀਐ ਸਭ ਤੇ ਊਚਾ ।"

ਮੈਂ ਜਦੋਂ ਵੀ ਅਨਜਾਣ ਜੀ ਬਾਰੇ ਕੁਝ ਸੋਚਦਾ ਹਾਂ ਜਾਂ ਉਹਨਾਂ ਦੀਆਂ ਰਚਨਾਵਾਂ ਨੂੰ ਵਾਚ ਕੇ ਕੁਝ ਸੋਚਣ ਤੇ ਕਥਨ ਦਾ ਯਤਨ ਕਰਦਾ ਹਾਂ ਤਾਂ ਮੇਰੇ ਸਨਮੁੱਖ ਉਹਨਾਂ ਦਾ ਸੁਚਿੱਤਰ ਸਰੂਪ ਅਨਜਾਣ ਵਾਲਾ ਨਹੀਂ ਸਗੋਂ ਸੁਘੜ ਸੁਜਾਨ ਵਾਲਾ ਉਪਸਥਿਤ ਹੋ ਜਾਂਦਾ ਹੈ । ਇੱਕ ਦਰਜਨ ਤੋਂ ਵਧੇਰੇ ਗਿਣਤੀ ਵਿੱਚ ਪੁਸਤਕਾਂ ਪੰਜਾਬੀ ਮਾਤ-ਭਾਸ਼ਾ ਨੂੰ ਭੇਟ ਕਰਨ ਵਾਲੇ ਇਸ ਲੇਖਕ ਦਾ ਸਾਹਿਤਕ ਕੱਦ ਤੇ ਸਰੂਪ ਬੜਾ ਗੌਰਵਸ਼ੀਲ ਤੇ ਗੌਰਾ ਹੈ ।

ਦੇਸ਼ ਦੀ ਵੰਡ ਪਿਛੋਂ ਅਨਜਾਣ ਜੀ ਦਾ ਪਰਵਾਹ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਨਵ-ਸਥਾਪਿਤ ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਕਰੀਵਾਲਾ ਵਿੱਚ ਆ ਗਿਆ। ਫਿਰ ਕੁਝ ਚਿਰ ਸਿਰਸਾ ਵਿੱਚ ਨਿਵਾਸ ਰੱਖ ਕੇ ਕਈ ਸਾਲਾਂ ਤੋਂ ਆਪ ਦਿੱਲੀ, ਵਿੱਚ ਰਹਿ ਰਹੇ ਹਨ । ਜਿਥੇ ਆਪ ਨੇ ਕਈ ਸਾਲਾਂ ਤੱਕ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਨ ਲਈ ਸੰਘਰਸ਼ ਕੀਤਾ ਤੇ ਅਧਿਆਪਨ ਕਾਰਜ ਨਿਭਾਇਆ ਹੈ । ਪੰਜਾਬੀ ਭਾਸ਼ਾ ਦੀਆਂ ਨਿੱਕੀਆਂ-ਨਿੱਕੀਆਂ ਬਾਰੀਕੀਆਂ ਅਤੇ ਸੂਖਮ-ਵਿਆਕਰਨਿਕ ਜੁਗਤਾਂ ਦਾ ਆਪ ਨੂੰ ਚੋਖਾ ਬੋਧ ਹੈ ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਅਨਜਾਣ ਜੀ ਦਾ ਨਾਮ ਪੰਜਾਬੀ ਦੇ ਨਾਮੀ-ਗ੍ਰਾਮੀ ਸਾਹਿਤਕ ਮੰਡਲ ਵਿੱਚ ਨਾਮਧਾਰੀ ਸਤਿਗੁਰੂ ਸਹਿਬਾਨ ਦੀ ਮਿਹਰਾਮਤ ਨਾਲ ਨਿਵਾਜਿਆ ਗਿਆ ਹੈ । ਆਪ ਉਹਨਾਂ ਲੇਖਕਾਂ ਦੀ ਸ਼੍ਰੋਮਣੀ ਮਾਲਾ ਦੇ ਵੀ ਚਮਕਦੇ ਮੋਤੀ ਹਨ । ਸੰਨ 1920 ਵਿੱਚ ਨਾਮਧਾਰੀ ਮੱਤ ਨਾਲ ਸੰਬੰਧਿਤ ਸਪਤਾਹਿਕ ਪੱਤਰ 'ਸਤਿਜੁਗ' ਹੋਂਦ ਵਿੱਚ ਆਇਆ । ਜਿਸ ਦੀ ਪੱਤਰਕਾਰੀ ਦੀ ਤੇ ਸਾਹਿਤਕ ਆਯੂ ਨੂੰ ਦਹਾਕਿਆ ਨੂੰ ਪਾਰ ਕਰ ਚੁੱਕੀ ਹੈ । ਸਤਿਜੁਗ ਦੇ ਸਪਤਾਹਿਕ ਤੇ ਵਿਸ਼ੇਸ਼ ਮਾਸਿਕ ਅੰਕ ਸਮੇਂ-ਸਮੇਂ ਸਿਰ ਵਿਸ਼ੇਸ਼ ਅਵਸਰਾਂ ਉਤੇ ਪ੍ਰਕਾਸ਼ਿਤ ਹੁੰਦੇ ਰਹੇ ਹਨ । ਇਹ ਆਪਣੇ ਵਿੱਚ ਵਡਮੁੱਲੀ ਇਤਿਹਾਸਿਕ ਜਾਣਕਾਰੀ ਤੇ ਖੋਜ ਦਾ ਅਦੁੱਤੀ ਭੰਡਾਰ ਸਾਂਭੀ ਬੈਠੇ ਹਨ । ਸਤਿਜੁਗ ਦੇ ਸੰਪਾਦਕਾਂ ਵਿੱਚ ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚਕਰਵਰਤੀ, ਸ੍ਰੀ ਪ੍ਰੀਤਮ ਸਿੰਘ ਕਵੀ ਅਤੇ ਸ੍ਰੀ ਆਤਮ ਸਿੰਘ ਸਨਖੱਤਰਾ ਦੀ ਵੱਡੀ ਭੂਮਿਕਾ ਨੂੰ ਕਿਸੇ ਤਰ੍ਹਾਂ ਵੀ ਭੁਲਾਇਆ ਨਹੀਂ ਜਾ ਸਕਦਾ । ਸ੍ਰੀ ਤਾਰਾ ਸਿੰਘ ਅਨਜਾਣ ਲੰਮੇ ਸਮੇਂ ਤੋਂ ਨਾਮਧਾਰੀ ਮਤ ਦੇ ਪਰਵਕਤਾ ਦੇ ਰੂਪ ਵਿੱਚ ਸਤਿਜੁਗ ਦੇ ਸੰਪਾਦਕ ਦੀ ਸੇਵਾ ਨਿਭਾ ਰਹੇ ਹਨ । ਉਹਨਾਂ ਦੀ ਦੇਣ ਵੀ ਸਾਹਿਤਕ ਗੁਣਾਂ ਨਾਲ ਭਰਪੂਰ ਤੇ ਉਚ ਕੋਟੀ ਦੇ ਸੰਪਾਦਕਾਂ ਤੇ ਲੇਖਕਾਂ ਵਾਲੀ ਹੈ ।

ਡਾ. ਅਮਰ ਭਾਰਤੀ

ਪਿਆਰੇ ਵੀਰ ਅਨਜਾਣ ਜੀ,

ਸ਼ਹੀਦ ਲਹਿਣਾ ਸਿੰਘ ਬਾਰੇ ਤੁਹਾਡੀ ਪੁਸਤਕ ਪੜ੍ਹ ਕੇ ਬਹੁਤ ਪ੍ਰਸੰਨਤਾ ਹੋਈ ਤੇ ਸ਼ਾਂਤੀ ਮਿਲੀ ਹੈ । ਮਨ ਗੱਦ ਗੱਦ ਹੋ ਗਿਆ ਹੈ । ਬੜਾ ਔਖਾ ਕਾਰਜ ਹੈ ਇਤਿਹਾਸ ਦੀ ਭਬੂਤ ਵਿੱਚੋਂ ਸਾਹਿਤ ਦਾ ਮਹੱਲ ਉਸਾਰਨਾ । ਇਸ ਪੁਸਤਕ ਨਾਲ ਤੁਸਾਂ ਨਵੀਂ ਹੱਦ ਕਾਇਮ ਕਰ ਦਿੱਤੀ ਹੈ । ਤੁਹਾਡਾ ਸਾਹਿਤਕ ਸਫਰ ਹਰ ਵਾਰ ਨਵੀਂ ਮੰਜ਼ਿਲ ਪ੍ਰਾਪਤ ਕਰਦਾ ਹੈ । ਇਉਂ ਲਗਦੈ ਜਿਵੇਂ ਕਲਾਕਾਰ ਨੇ ਹੋਰ ਰਿਆਜ਼ ਕੀਤਾ ਹੋਵੇ । ਇਉਂ ਵੀ ਲਗਦੈ ਜਿਵੇਂ ਨਾਮਧਾਰੀ ਸਮਾਜ ਨੇ ਆਖਰ ਇੱਕ ਸਾਹਿਤਕਾਰ ਪੈਦਾ ਕਰ ਹੀ ਲਿਆ ਹੈ । ਜਾਂ ਇੱਕ ਸਾਹਿਤਕਾਰ ਨਾਮਧਾਰੀ ਸਮਾਜ ਵਿੱਚ ਪੈਦਾ ਹੋ ਗਿਆ ਹੈ ।

ਤੁਹਾਡੀਆਂ ਆਖਰੀ ਦੋ ਪੁਸਤਕਾਂ ਪੜ੍ਹ ਕੇ ਮੈਨੂੰ ਆਪਣੀਆਂ ਰੀਝਾਂ ਸਾਕਾਰ ਹੁੰਦੀਆਂ ਦਿੱਸੀਆਂ ਨੇ । ਅਜੇਹੀਆਂ ਪੁਸਤਕਾਂ ਜਾਂ ਲੇਖ ਲਿਖਣਾ ਲੰਮਾ ਸਮਾਂ ਮੇਰੀ ਸੋਚ ਦਾ ਹਿਸਾ ਰਹੇ ਨੇ । ਮਾੜੀ ਮੋਟੀ ਜਿੰਨੀ ਕੁ ਪੱਤਰਕਾਰੀ ਮੈਂ ਕਰ ਰਿਹਾ ਹਾਂ ਜਾਂ ਛਾਪਾ ਖਾਨਾ ਜੋ ਅਸਲ ਵਿੱਚ ਸਿਆਪਾ ਖਾਨਾ ਹੈ, ਉਸ ਵਿੱਚ ਬਹੁਤ ਸਾਰੀਆਂ ਰੀਝਾਂ ਹੇਰਵਾ ਬਣ ਕੇ ਰਹਿ ਗਈਆਂ ਨੇ । ਇਹ ਹੇਰਵਾ, ਰੀਝਾਂ ਤੁਹਾਡੇ ਰਾਹੀਂ ਰੂਪਮਾਨ ਹੁੰਦੀਆਂ ਹਕੀਕਤ ਬਣਦੀਆਂ ਮੈਂ ਵੇਖੀਆਂ ਹਨ । ਚਸ਼ਮੇ-ਬਦ-ਦੂਰ । ਕਮਾਲ ਇਹ ਹੈ ਕਿ ਜਿਹੜੀਆਂ ਪ੍ਰਸਥਿਤੀਆਂ ਵਿੱਚ ਸਾਡਾ ਸਮਾਜ ਹੈ । ਉਸ ਵਿੱਚ ਲਗਾਤਾਰ ਸਾਹਿਜ ਕਰਨਾ ਅਤੇ ਪਹਿਲਾਂ ਉਹਦੀ ਹਵਾ ਵੀ ਨਾ ਲਗਣ ਦੇਣੀ । ਅਸਲ ਵਿੱਚ ਸਫਲਤਾ ਵੀ ਤਾਂ ਇਸੇ ਨੂੰ ਕਹਿੰਦੇ ਹਨ । ਤੁਹਾਡੇ ਵਰਗੀ ਸਬਰ ਸੰਤੋਖ ਵਾਲੀ ਉਚੀ ਆਤਮਾ ਵਾਸਤੇ ਜੋ ਵਧੀਆ ਸ਼ਬਦ ਅਤੇ ਸਵੱਛ ਆਤਮਾ ਚਾਹੀਦੀ ਹੈ ਉਹ ਮੇਰੇ ਕੋਲ ਹੈ ਨਹੀਂ ।

ਕਾਰਜ ਜਾਰੀ ਰੱਖੋ । ਆਪਣਿਆਂ ਦੀ ਪ੍ਰਾਪਤੀ ਵੇਖ ਕੇ ਜੋ ਖੁਸ਼ੀ ਹੁੰਦੀ ਹੈ, ਉਹ ਹੋਈ ਹੈ । ਵਧਾਈਆਂ ।


- ਜਗਦੀਸ਼ ਸਿੰਘ

2-10-92





ਕੂਕਾ-ਅੰਦੋਲਨ ਦੇ 150 ਸਾਲਾ ਸਮਾਰੋਹ ਨੂੰ ਸਮਰਪਿਤ
ਰਾਜ ਪੱਧਰੀ ਵਿਚਾਰ ਗੋਸ਼ਟੀ
ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ






ਪਿਛਲੇ ਦਿਨੀਂ ਰਾਸ਼ਟਰਪਤੀ ਭਵਨ ਵਿਖੇ ਹੋਏ ਇਕ ਵਿਸ਼ੇਸ਼ ਸਾਹਿਤਕ ਸਮਾਗਮ ਵਿਚ ਸ੍ਰੀ ਤਾਰਾ ਸਿੰਘ ਅਨਜਾਣ ਨੇ ਆਪਣੀ ਪੁਸਤਕ "ਸੰਤਨ ਦੇ ਸਿਰਮੌਰ" ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੂੰ ਭੇਟ ਕੀਤੀ। ਇਹ ਪੁਸਤਕ ਨਾਮਧਾਰੀ ਗੁਰੂ, ਇਕ ਪਰਮੁੱਖ ਸਮਾਜ-ਸੁਧਾਰਕ ਅਤੇ ਸਿਰਲੱਥ ਸੁਤੰਤਰਤਾ-ਸੰਗਰਾਮੀਏ, ਬਾਬਾ ਰਾਮ ਸਿੰਘ ਜੀ ਦੀ ਜੀਵਨੀ ਹੈ।



ਅਕਸ/ਜੁਲਾਈ 87/59




ਸਵਰਗੀ ਸ੍ਰੀ ਰਣਬੀਰ (ਸੰਪਾਦਕ ਮਿਲਾਪ) ਵਿਚਾਰ ਪੇਸ਼ ਕਰਦੇ ਹੋਏ। ਬੈਠੇ, ਖੱਬਿਓਂ ਸੱਜੇ : ਸ੍ਰੀ ਤਾਰਾ ਸਿੰਘ ਅਨਜਾਣ, ਸ੍ਰੀ ਜਗਦੀਸ਼ ਕੌਸ਼ਲ, ਸਵਰਗੀ ਕਾਮਰੇਡ ਸੋਹਣ ਸਿੰਘ ਜੋਸ਼, ਪ੍ਰੋ: ਸੰਤ ਸਿੰਘ ਸੇਖੋਂ, ਡਾ: ਵਿਸ਼ਵਾ ਨਾਥ ਤਿਵਾੜੀ, ਅਤੇ ਸ੍ਰੀ ਮਦਨ ਲਾਲ ਖੁਰਾਨਾ।



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਪ੍ਰੋ. ਤਾਰਾ ਸਿੰਘ ਅਨਜਾਣ ਸਮੇਤ ਪਰਿਵਾਰ





ਰੇਡੀਓ ਵਾਰਤਾ ਸਮੇਂ ਪ੍ਰੋ. ਤਾਰਾ ਸਿੰਘ ਅਨਜਾਣ

"ਗੁਰ ਦਰਬਾਰੋਂ ਬਖਸ਼ਿਸ਼ ਪਾਈ, ਤਾਰਾ ਸਿੰਘ ਤੇਰੀ ਧੰਨ ਕਮਾਈ"



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸ਼ਹੀਦ ਲਹਿਣਾ ਸਿੰਘ ਯਾਦਗਾਰੀ ਪੁਰਸਕਾਰ ਪ੍ਰਾਪਤ ਕਰਦੇ ਹੋਏ ਪ੍ਰੋ. ਤਾਰਾ ਸਿੰਘ ਅਨਜਾਣ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੋਂ ਸਾਹਿਤ ਰਤਨ ਪ੍ਰਾਪਤ ਕਰਦੇ ਹੋਏ ਪ੍ਰੋ. ਤਾਰਾ ਸਿੰਘ ਅਨਜਾਣ

Designed & Printed By : SJS GRAPHICS-+9199155-07275